# ਦਸੰਬਰ - ਜਨਵਰੀ ( ਪਾਠ – ਕ੍ਰਮ )

## ਜਮਾਤ –ਅੱਠਵੀਂ   ਵਿਸ਼ਾ - ਪੰਜਾਬੀ

## ਪਾਠ - 22 ਸ਼ਿਵ ਸਿੰਘ : ਬੁੱਤ-ਘਾੜਾ (ਜੀਵਨੀ)  ਮਲਕੀਤ ਸਿੰਘ 'ਆਰਟਿਸਟ'



### 1) ਪ੍ਰਸ਼ਨਾਂ ਦੇ ਉੱਤਰ ਦਿਓ :-

**ਪ੍ਰਸ਼ਨ 1 - ਸ਼ਿਵ ਸਿੰਘ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ?**

ਉੱਤਰ - ਸ਼ਿਵ ਸਿੰਘ ਦਾ ਜਨਮ 1938 ਵਿੱਚ ਪਿੰਡ ਬਸੀ ਗ਼ੁਲਾਮ ਹੁਸੈਨ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੋਇਆ ।

**ਪ੍ਰਸ਼ਨ 2 -ਸ਼ਿਵ ਸਿੰਘ ਦਾ ਬਚਪਨ ਕਿਵੇਂ ਬੀਤਿਆ ?**

ਉੱਤਰ - ਸ਼ਿਵ ਸਿੰਘ ਦੇ ਮਾਂ - ਬਾਪ ਨੇ ਉਸ ਨੂੰ ਖੁੱਲ੍ਹੇ - ਡੁੱਲ੍ਹੇ ਮਾਹੌਲ ਵਿੱਚ ਪਾਲਿਆ । ਉਨ੍ਹਾਂ ਨੇ ਉਸ ਨੂੰ ਗੁਰਬਾਣੀ , ਲੋਕ-ਕਥਾਵਾਂ ਤੇ ਲੋਕ - ਸਾਹਿਤ ਤੋਂ ਜਾਣੂ ਕਰਾਇਆ । ਉਸ ਨੂੰ ਬਚਪਨ ਤੋਂ ਹੀ ਕੁਦਰਤ ਨਾਲ ਲਗਾਓ ਸੀ । ਉਹ ਆਪਣੇ ਪਿੰਡ ਕੋਲੋਂ ਲੰਘਦੇ ਭੰਗੀ ਚੋ ਵਿੱਚ ਚਲਾ ਜਾਂਦਾ ਤੇ ਰੇਤ ਨਾਲ ਆਪਣੇ ਪੈਰਾਂ ਉੱਤੇ ਘਰ ਉਸਾਰਦਾ ਤੇ ਚੀਕਣੀ ਮਿੱਟੀ ਨਾਲ ਘੁੱਗੂ - ਘੋੜੇ ਬਣਾਉਂਦਾ । ਚੋ ਦੇ ਸਰਕੰਡੇ ਨਾਲ ਬਾਲ - ਖਿਡੌਣੇ - ਊਠ ,ਘੋੜੇ, ਛੁਣਛੁਣੇ ਤੇ ਪੰਛੀ - ਬਣਾ -ਬਣਾ ਕੇ ਆਪਣੇ ਸ਼ੌਂਕ ਪੂਰੇ ਕਰਦਾ । ਉਹ ਪਾਣੀ ਵਿੱਚ ਤਰਦੀਆਂ ਲੱਕੜੀਆਂ ਨੂੰ ਬਾਹਰ ਕੱਢ ਲੈਂਦਾ ਅਤੇ ਉਨ੍ਹਾਂ ਵਿੱਚੋਂ ਪਸ਼ੂਆਂ ਤੇ ਜਾਨਵਰਾਂ ਦੇ ਰੂਪ ਘੜਨ ਲੱਗਦਾ ।

**ਪ੍ਰਸ਼ਨ 3- ਬੁੱਤ - ਤਰਾਸ਼ੀ ਕਰਨ ਵੇਲੇ ਸ਼ਿਵ ਸਿੰਘ ਕੀ ਮਹਿਸੂਸ ਕਰਦਾ ਸੀ ?**

ਉੱਤਰ - ਬੁੱਤ ਤਰਾਸ਼ੀ ਵੇਲੇ ਸ਼ਿਵ ਸਿੰਘ ਉਸ ਵਿੱਚੋਂ ਮਨੁੱਖੀ ਸੰਵੇਦਨਾ ਭਰੇ ਗੁਣ ਮਹਿਸੂਸ ਕਰਦਾ ਹੈ । ਉਹ ਜਦੋਂ ਲੱਕੜ ਨੂੰ ਤਰਾਸ਼ਦਾ ਹੈ, ਤਾਂ ਉਸ ਵਿੱਚੋਂ ਉੱਭਰਦੇ ਆਕਾਰ ਦੇ ਰੂਪ ਉਸ ਨੂੰ ਰਹੱਸਮਈ ਦਿਖਾਈ ਦਿੰਦੇ ਹਨ । ਲੱਕੜ , ਲੋਹੇ, ਪਿੱਤਲ ,ਤਾਂਬੇ ਜਾਂ ਹੋਰ ਕਿਸੇ ਵਸਤੂ ਨੂੰ ਘੜਨ ਸਮੇਂ ਉਸ ਨੂੰ ਖੁੱਲ੍ਹ ਦਾ ਅਹਿਸਾਸ ਹੁੰਦਾ ਹੈ ਉਸ ਨੂੰ ਉਹ ਕਲਾ-ਕਿਰਤ ਜਾਨਦਾਰ ਮਹਿਸੂਸ ਹੋਣ ਲੱਗ ਪੈਂਦੀ ਹੈ ।

**ਪ੍ਰਸ਼ਨ 4 :- ਕਲਾ ਦੀ ਖੋਜ ਸੰਬੰਧੀ ਸ਼ਿਵ ਸਿੰਘ ਨੂੰ ਕਿਹੜੇ ਦੇਸ਼ ਦੀ ਸਰਕਾਰ ਵੱਲੋਂ ਬੁਲਾਇਆ ਗਿਆ ਅਤੇ ਉੱਥੇ ਆਪ ਨੂੰ ਕਿਹੋ - ਜਿਹਾ ਤਜ਼ਰਬਾ ਹਾਸਲ ਹੋਇਆ ?**

ਉੱਤਰ :- ਕਲਾ ਦੀ ਖੋਜ ਲਈ ਸ਼ਿਵ ਸਿੰਘ ਨੂੰ ਜਰਮਨ ਸਰਕਾਰ ਵੱਲੋਂ ਵਜ਼ੀਫ਼ਾ ਦੇ ਕੇ ਬੁਲਾਇਆ ਗਿਆ। ਉੱਥੇ ਰਹਿੰਦਿਆਂ ਆਪ ਨੇ ਪਿੱਤਲ, ਤਾਂਬੇ,ਸਟੀਲ,ਜਿਸਤੀ ਪਾਈਪ ਅਤੇ ਨਵੀਂ ਸਮਗਰੀ ਦੀ ਬੁੱਤ- ਤਰਾਸ਼ੀ ਵਿੱਚ ਵਰਤੋਂ ਕੀਤੀ ਜੋ ਇੱਕ ਨਵਾਂ ਅਨੁਭਵ ਸੀ ।

**ਪ੍ਰਸ਼ਨ 5 :- ਸ਼ਿਵ ਸਿੰਘ ਦੀਆਂ ਕਲਾ - ਪ੍ਰਦਰਸ਼ਨੀਆਂ ਕਿਹੜੇ -ਕਿਹੜੇ ਦੇਸਾਂ ਵਿੱਚ ਲੱਗ ਚੁੱਕੀਆਂ ਹਨ ?**

ਉੱਤਰ :- ਸ਼ਿਵ ਸਿੰਘ ਦੀਆਂ ਕਲਾ ਪ੍ਰਦਰਸ਼ਨੀਆਂ ਅਮਰੀਕਾ , ਜਰਮਨੀ, ਫ਼ਰਾਂਸ , ਸਵਿਟਜ਼ਰਲੈਂਡ, ਡੈਨਮਾਰਕ, ਸਵੀਡਨ , ਕੈਨੇਡਾ ,ਸ੍ਰੀ ਲੰਕਾ, ਸਿੰਗਾਪੁਰ, ਸਕਾਟਲੈਂਡ, ਇੰਗਲੈਂਡ ਤੇ ਹਾਲੈਂਡ ਵਿੱਚ ਲੱਗ ਚੁੱਕੀਆਂ ਹਨ ।

**ਪ੍ਰਸ਼ਨ 6 :- ਪੰਜਾਬ ਅਤੇ ਚੰਡੀਗੜ੍ਹ ਵਿੱਚ ਸ਼ਿਵ ਸਿੰਘ ਦੀ ਕਲਾ ਕਿੱਥੇ ਅਤੇ ਕਿਸ ਰੂਪ ਵਿੱਚ ਦੇਖੀ ਜਾ ਸਕਦੀ ਹੈ?**

ਉੱਤਰ :- ਸ਼ਿਵ ਸਿੰਘ ਦੀ ਅਦਭੁਤ ਕਲਾ ਦਾ ਨਮੂਨਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿੱਚ ਦੇਖਿਆ ਜਾ ਸਕਦਾ ਹੈ। ਉੱਥੇ ਪੰਦਰਾਂ ਫੁੱਟ ਉੱਚੇ ਸੀਮਿੰਟ , ਕੰਕਰੀਟ ਤੇ ਲੋਹੇ ਦੇ ਮੱਧ ਆਕਾਰੀ ਵਾਯੂਮੰਡਲ - ਬੁੱਤ ਕੁਦਰਤ ਦੇ ਅਨੰਤ ਰੂਪਾਂ ਨੂੰ ਪੇਸ਼ ਕਰਦੇ ਹਨ। ਪੰਜਾਬ ਕਲਾ ਭਵਨ ਸੈਕਟਰ 16 ਚੰਡੀਗੜ੍ਹ ਵਿੱਚ ਸ਼ਿਵ ਸਿੰਘ ਦੀ ਲੋਹੇ ਦੇ ਪਾਈਪਾਂ ਦੀ ਕਲਾ -ਕਿਰਤ 'ਪੰਜਾਬ ਦੇ ਭੰਗੜਾ ਪਾਉਂਦੇ ਜੁਆਨ' ਆਪਣੇ ਵੱਖਰੀ ਪਛਾਣ ਰੱਖਦੀ ਹੈ ।

**ਪ੍ਰਸ਼ਨ 7:- ਸ਼ਿਵ ਸਿੰਘ ਨੂੰ ਇੱਕ ਕਲਾਕਾਰ ਵਜੋਂ ਕਿਹੜੇ - ਕਿਹੜੇ ਇਨਾਮ - ਸਨਮਾਨ ਪ੍ਰਾਪਤ ਹੋ ਚੁੱਕੇ ਹਨ ?**

ਉੱਤਰ :- ਸ਼ਿਵ ਸਿੰਘ ਨੂੰ ਇੱਕ ਕਲਾਕਾਰ ਵਜੋਂ ਬਹੁਤ ਸਾਰੇ ਇਨਾਮ- ਸਨਮਾਨ ਪ੍ਰਾਪਤ ਹੋਏ । 1979 ਵਿੱਚ ਉਸ ਨੂੰ ਉੱਤਮ ਕਲਾਕਾਰ ਵਜੋਂ ਸਨਮਾਨਿਤ ਕੀਤਾ ਗਿਆ।

ਉਸੇ ਸਾਲ ਪੰਜਾਬ ਆਰਟ ਕੌਂਸਲ, ਚੰਡੀਗੜ੍ਹ ਨੇ ਉਸ ਨੂੰ ਸਿਰਮੌਰ ਕਲਾਕਾਰ ਦਾ ਸਨਮਾਨ ਦਿੱਤਾ।1991 ਵਿੱਚ ਹਰਿਆਣਾ ਸਰਕਾਰ ਨੇ ਉਸ ਨੂੰ ਸੂਰਜ ਕੁੰਡ ਕਰਾਫਟ ਮੇਲੇ ਵਿੱਚ ਸਨਮਾਨਿਤ ਕੀਤਾ ।ਪੰਜਾਬ ਲਲਿਤ ਕਲਾ ਅਕਾਦਮੀ ਚੰਡੀਗੜ੍ਹ ਨੇ ਵੀ ਉਸ ਨੂੰ ਪੁਰਸਕ੍ਰਿਤ ਕੀਤਾ। ਆਪ ਲਲਿਤ ਕਲਾ ਅਕਾਦਮੀ, ਚੰਡੀਗੜ੍ਹ ਦੇ ਪ੍ਰਧਾਨ ਰਹੇ ਤੇ ਨੈਸ਼ਨਲ ਅਕਾਦਮੀ, ਦਿੱਲੀ ਦੇ ਮੈਂਬਰ ਰਹੇ ।

## 2) ਔਖੇ ਸ਼ਬਦਾਂ ਦੇ ਅਰਥ :-

| | |
|---|---|
| ਵਿਦਮਾਨ | ਮੌਜੂਦ |
| ਰੂਪਮਾਨ ਕਰਨਾ | ਰੂਪ ਦੇਣਾ |
| ਆਰਟ - ਟੀਚਰ | ਕਲਾ ਸਿਖਾਉਣ ਵਾਲਾ ਅਧਿਆਪਕ |
| ਸਿਰਜਣਾਤਮਿਕਤਾ | ਰਚਨਾ ਕਰਨ ਦੀ ਸਮਰੱਥਾ |
| ਅਨੁਭਵ | ਗਿਆਨ ਮਹਿਸੂਸ ਕਰਨ ਦਾ ਭਾਵ |
| ਸਿਰਮੌਰ | ਸਰਦਾਰ |
| ਪੁਰਸਕ੍ਰਿਤ ਕੀਤਾ | ਇਨਾਮ ਦਿੱਤਾ |
| ਗੁਰੇਜ਼ ਕਰਨਾ | ਪਰਹੇਜ਼ ਕਰਨਾ |
| ਵੇਸ | ਪਹਿਰਾਵਾ |

**3) ਵਾਕਾਂ ਵਿੱਚ ਵਰਤੋ :-**

1. ਪ੍ਰੇਰਨਾ - ਸ੍ਰੋਤ ( ਉਤਸ਼ਾਹਿਤ ਕਰਨ ਵਾਲਾ ) :- ਕੁਦਰਤ ਭਾਈ ਵੀਰ ਸਿੰਘ ਦੀ ਕਵਿਤਾ ਦਾ ਇੱਕ ਮੁੱਖ ਪ੍ਰੇਰਣਾ - ਸ੍ਰੋਤ ਸੀ।

2. ਪ੍ਰਤਿਭਾਸ਼ਾਲੀ ( ਬਹੁਤ ਹੀ ਬੁੱਧੀਮਾਨ ) :- ਪ੍ਰਿੰਸੀਪਲ ਸੰਤ ਸਿੰਘ ਸੇਖੋਂ ਇੱਕ ਪ੍ਰਤਿਭਾਸ਼ਾਲੀ ਲੇਖਕ ਸੀ ।

3.ਨਮੂਨੇ ( ਸੈਂਪਲ ਮਿਲਾਵਟ ਦੀ ਪਰਖ ਕਰਨ ਲਈ ) :- ਮਿਲਾਵਟ ਦੀ ਪਰਖ ਕਰਨ ਲਈ ਸਿਹਤ ਵਿਭਾਗ ਨੇ ਦੋਧੀਆਂ ਦੁਆਰਾ ਵੇਚੇ ਜਾ ਰਹੇ ਦੁੱਧ ਦੇ ਨਮੂਨੇ ਇਕੱਠੇ ਕੀਤੇ ।

4. ਉਤਸ਼ਾਹਿਤ ( ਪ੍ਰੇਰਿਤ ):- ਆਪਣੇ ਕੋਚ ਤੋਂ ਮਿਲੀ ਹੱਲਾ-ਸ਼ੇਰੀ ਤੋਂ ਉਤਸ਼ਾਹਿਤ ਹੋ ਕੇ ਹਾਕੀ ਦੀ ਟੀਮ ਖੇਡ ਦੇ ਮੈਦਾਨ ਵਿੱਚ ਡਟ ਗਈ ।

5. ਪ੍ਰਗਟਾਵਾ( ਬਿਆਨ ):- ਇਸ ਲੇਖ ਵਿੱਚ ਲੇਖਕ ਨੇ ਬੜੇ ਦੁੱਖ ਭਰੇ ਭਾਵਾਂ ਦਾ ਪ੍ਰਗਟਾਵਾ ਕੀਤਾ ਹੈ ।

6.ਰਹੱਸਮਈ ( ਭੇਤ ਭਰੇ ) :- ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਰਹੱਸਮਈ ਭਾਵਾਂ ਨਾਲ ਭਰਪੂਰ ਹਨ ।

7. ਅੰਤਰਰਾਸ਼ਟਰੀ ( ਬਹੁ- ਕੌਮੀ ) :- ਯੂ.ਐਨ.ਓ. ਇੱਕ ਅੰਤਰਰਾਸ਼ਟਰੀ ਸੰਸਥਾ ਹੈ ।

8. ਸਿਰਜਣਾ ( ਰਚਨਾ ) :- ਸਾਰਾ ਸੰਸਾਰ ਪ੍ਰਮਾਤਮਾ ਦੀ ਸਿਰਜਣਾ ਹੈ ।

9.ਪ੍ਰਥਾ ( ਰੀਤੀ ) :- ਸਾਡੇ ਦੇਸ਼ ਵਿੱਚ ਧੀਆਂ ਦੇ ਵਿਆਹ ਵਿੱਚ ਦਾਜ ਦੇਣ ਦੀ ਪ੍ਰਥਾ ਬੜੀ ਪੁਰਾਣੀ ਹੈ ।

10. ਪ੍ਰਕਿਰਤੀ ( ਕੁਦਰਤ ) :- ਚਿੱਤਰਕਾਰ ਨੇ ਆਪਣੇ ਚਿੱਤਰ ਵਿੱਚ ਪ੍ਰਕਿਰਤੀ ਦੇ ਅਦਭੁਤ ਰੰਗਾਂ ਨੂੰ ਖ਼ੂਬ ਚਿਤਰਿਆ ਹੈ ।

**ਤਿਆਰ ਕਰਤਾ - ਸ਼ੈਲਜਾ ਕੁਮਾਰੀ, ਪੰਜਾਬੀ ਮਿਸਟ੍ਰੈੱਸ, ਸਰਕਾਰੀ ਹਾਈ ਸਕੂਲ ਜ਼ਿਲ੍ਹਾ ਗੁਰਦਾਸਪੁਰ**